ੴ ਸਤਿਗੁਰ ਪ੍ਰਸਾਦਿ ॥

MATA GUJRI LIBRARY
GURDWARA
PARK ROAD
LEICESTER
TEL: (0116) 276 0517

ਟ੍ਰੈਕਟ ਨੰ : 75

# ਸ਼ਰਾਧ ਅਤੇ ਵਰਤ

## ਕਰਵਾ ਚੌਥ

ਪ੍ਰਕਾਸ਼ਕ

ਗੁਰਮਤਿ ਪ੍ਰਚਾਰ ਸਭਾ
ਪਟਿਆਲਾ ।



| | | |
|---|---|---|
| ਸਤੰਬਰ ੧੯੯੭ | ਸੰਮਤ ਖਾਲਸਾ ੨੯੯ | ਪੰਜਵੀਂ ਵਾਰ ੧੦,੦੦੦ |



ਆਪ ਪੜ੍ਹ ਕੇ ਹੋਰਨਾਂ ਨੂੰ ਵੀ ਪੜ੍ਹਾਓ ਜੀ ।

# ਬੇਨਤੀ

1. ਹਰ ਗੁਰਸਿੱਖ ਦੇ ਪੜ੍ਹਨਯੋਗ ਪੁਸਤਕ 'ਅੰਮ੍ਰਿਤ ਵੇਲਾ' ਲਿਖਤ ਡਾ: ਤੇਜਿੰਦਰ ਸਿੰਘ ਜੀ ਦੀ ਭੇਟਾ 25/- ਦੀ ਥਾਂ ਕੇਵਲ = 10/- ਰੁ: ਭੇਜ ਕੇ ਮੰਗਵਾ ਸਕਦੇ ਹੋ ।
2. ਜਾਪੁ ਸਾਹਿਬ ਦਾ ਸੰਖੇਪ ਅਰਥਾਂ ਸਹਿਤ ਗੁਟਕਾ = 5/- ਰੁ:
3. ਸਭ ਬੀਮਾਰੀਆਂ ਦਾ ਇਲਾਜ 'ਪ੍ਰਭੂ-ਨਾਮ' = 5/- ਰੁ:
4. ਅਮਰੀਕਨ ਲੇਖਿਕਾ ਰੂਥ ਮਾਂਟਗੁਮਰੀ ਦੀ ਲਿਖੀ ਰੂਹਾਂ ਸੰਬੰਧੀ ਜਾਣਕਾਰੀ ਦੇਣ ਵਾਲੀ ਪੁਸਤਕ A world beyond ਤੇ ਆਧਾਰਤ ਸੰਖੇਪ, ਪੰਜਾਬੀ ਵਿਚ ਅਨੁਵਾਦ 'ਅਬਿਨਾਸ਼ੀ ਲੀਲ੍ਹਾ'' - (ਦੂਜੀ ਐਡੀਸ਼ਨ) = 7/- ਰੁ:
5. ਜਪੁਜੀ, ਰਹਿਰਾਸ, ਸੋਹਿਲਾ ਤੇ ਅਰਦਾਸ ਦਾ ਮੋਟੇ ਅਖਰਾਂ ਵਾਲਾ ਸ਼ੁਧ ਉਚਾਰਨ ਸੰਕੇਤਾਂ ਸਹਿਤ ਗੁਟਕਾ = 4/- ਰੁ:
6. ਇਹ ਅਤੇ ਇਸ ਤਰ੍ਹਾਂ ਹਰ ਮਹੀਨੇ ਛਪਣ ਵਾਲੇ ਟ੍ਰੈਕਟ= 50/- ਰੁ: ਸੈਂਕੜਾ ਦੇ ਹਿਸਾਬ ਮੰਗਵਾਉਣ ਲਈ ਮਨੀ ਆਰਡਰ ਜਾਂ ਬੈਂਕ ਡਰਾਫ਼ਟ ਸ. ਦੀਦਾਰ ਸਿੰਘ, C-129, ਵਿਕਾਸ ਕਾਲੋਨੀ, ਪਟਿਆਲਾ-147 003 ਨੂੰ ਭੇਜਿਆ ਜਾਏ।
7. ਦਸਤੀ ਆ ਕੇ ਲੈਣ ਲਈ ਗੁਰਸਿੱਖ ਫੁਲਵਾੜੀ ਪਬਲਿਕ ਸਕੂਲ, ਗੁਰਬਖ਼ਸ਼ ਕਾਲੋਨੀ, ਗਲੀ ਨੰ : 6, ਪਟਿਆਲਾ ਵਿਖੇ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਦਰਸ਼ਨ ਦਿਓ ।

ਪ੍ਰਾਰਥਕ

ਪ੍ਰੇਮ ਭੇਟਾ ਵਲੋਂ :-

# ਸਰਾਧ ਅਤੇ ਵਰਤ

ਗੁਰੂ ਨਾਨਕ ਪਾਤਸ਼ਾਹ ਨੇ ਇਸ ਸੰਸਾਰ ਵਿਚ ਆਉਣ ਤੋਂ ਪਹਿਲਾਂ ਅਸੀਂ ਸੰਸਾਰੀ ਲੋਕ ਆਪਣਾ ਜੀਵਨ ਮਨੋਰਥ ਭੂਲ ਕੇ ਅਨੇਕ ਤਰ੍ਹਾਂ ਦੇ ਵਹਿਮਾਂ-ਭਰਮਾਂ ਵਿਚ ਜਿਥੇ ਫਸੇਂ ਹੋਏ ਸੀ ਉਥੇ ਕਈ ਤਰ੍ਹਾਂ ਦੇ ਕਰਮ-ਕਾਂਡਾਂ ਵਿਚ ਗਲਤਾਨ ਹੋਏ ਹੋਏ ਆਪਣਾ ਕੀਮਤੀ ਮਨੁਖਾ ਜਨਮ ਅਵਾਈਂ ਗੁਆ ਰਹੇ ਸੀ। ਸਮੇਂ ਦੇ ਧਾਰਮਕ ਆਗੂਆਂ ਦੇ ਪਾਏ ਹੋਏ ਅਨੇਕ ਤਰ੍ਹਾਂ ਦੇ ਭਰਮ-ਭੁਲੇਖਿਆਂ ਵਿਚ ਪੈ ਕੇ ਕਈ ਤਰ੍ਹਾਂ ਦੇ ਦੁਖ ਸਹਾਰ ਰਹੇ ਸੀ।

ਗੁਰੂ ਪਾਤਸ਼ਾਹ ਨੇ ਅਪਾਰ ਕਿਰਪਾ ਕੀਤੀ, ਦੂਰ ਨੇੜੇ ਅਨੇਕ ਥਾਵਾਂ ਤੇ ਪੁਜਕੇ ਜਿਥੇ ਸਾਨੂੰ ਸਹੀ ਜੀਵਨ ਮਾਰਗ ਦਸਿਆ ਉਥੇ ਆਪ ਦਸ ਜਾਮੇ ਧਾਰਨ ਕਰਕੇ 240 ਸਾਲ ਸਾਡੇ ਵਿਚ ਰਹਿ ਕੇ, ਜੀਵਨ ਮਨੋਰਥ ਨੂੰ ਸਾਹਮਣੇ ਰਖਦਿਆਂ ਸਹੀ ਜੀਵਨ-ਜਾਚ ਨਾਲ ਜਿਥੇ ਆਪ ਜੀਵਨ ਜੀਵਿਆ ਉਥੇ ਸਾਡੀ ਕਦਮ ਕਦਮ ਤੇ ਅਗਵਾਈ ਵੀ ਕੀਤੀ।

ਇਥੇ ਹੀ ਬਸ ਨਹੀਂ ਸਗੋਂ ਸਾਡੇ ਕਲਜੁਗੀ ਜੀਵਾਂ ਉਤੇ ਇਕ ਮਹਾਨ ਉਪਕਾਰ ਇਹ ਵੀ ਕੀਤਾ ਕਿ ਰਹਿੰਦੀ ਦੁਨੀਆਂ ਤਕ ਸਾਨੂੰ ਯੋਗ ਅਗਵਾਈ ਦੇਂਦੇ ਰਹਿਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤ੍ਰ ਬਾਣੀ ਦੀ ਬੀੜ ਆਪਣੇ ਹੁੰਦਿਆ ਹੀ ਤਿਆਰ ਕਰਵਾ ਕੇ ਸਾਨੂੰ ਦੇ ਗਏ ਤਾਂ ਜ ਅਸੀ ਮੁੜ ਵਹਿਮਾਂ-ਭਰਮਾਂ ਵਿਚ ਪੈ ਕੇ

ਆਪਣਾ ਕੀਮਤੀ ਮਨੁਖਾ ਜੀਵਨ ਐਂਵੇ ਭੰਗ ਦੇ ਭਾੜੇ ਨਾਂਹ ਗਵਾ ਦੇਈਏ।

ਪਰ ਅਸੀਂ ਐਸੇ ਅਕ੍ਰਿਤਘਣ ਨਿਕਲੇ ਕਿ ਗੁਰੂ ਪਾਤਸ਼ਾਹ ਦੇ ਮਹਾਨ ਉਪਕਾਰਾਂ ਨੂੰ ਭੁਲਾ ਕੇ ਮੁੜ ਉਸ ਅਗਿਆਨਤਾ ਦੇ ਹਨੇਰੇ ਖੂਹ ਵਿਚ ਡਿਗ ਕੇ ਦੁਖੀ ਹੋ ਰਹੇ ਹਾਂ ਜਿਸ ਵਿਚੋਂ ਸਾਨੂੰ ਗੁਰੂ ਪਾਤਸ਼ਾਹ ਨੇ ਕਢਿਆ ਸੀ।

"ਅਸਲ ਵਿਚ ਗੁਰੂ ਪਾਤਸ਼ਾਹ ਦਾ ਕਹਿਆ ਹੋਇਆ ਪਿਆਰਾ ਬਚਨ,"ਗੁਰਬਾਣੀ ਇਸ ਜਗ ਮਹਿ ਚਾਨਣ" ਸਾਨੂੰ ਭੂਲ ਗਿਆ ਹੈ ਜਾਂ ਭੁਲਦਾ ਜਾ ਰਿਹਾ ਹੈ।

ਅਵਲ ਤਾਂ ਅਸੀਂ ਆਪ ਗੁਰਬਾਣੀ ਪੜ੍ਹਦੇ ਹੀ ਨਹੀਂ, ਜੇ ਥੁਹੜੀ ਬਹੁਤ ਪੜ੍ਹਦੇ-ਸੁਣਦੇ ਹਾਂ ਤਾਂ ਉਹ ਵੀ ਬਿਨਾਂ ਵੀਚਾਰੇ, ਬਿਨਾਂ ਸਮਝੇ ਹੀ ਪੜ੍ਹਦੇ ਹਾਂ– ਤੇ ਸਾਨੂੰ ਬਹੁਤਿਆਂ ਨੂੰ ਆਪ ਪਤਾ ਹੀ ਨਹੀਂ ਹੁੰਦਾ ਕਿ ਅਸੀ ਕੀ ਪੜ੍ਹਿਆ ਹੈ ਜਾਂ ਅਸੀਂ ਕੀ ਪੜ੍ਹ ਰਹੇ ਹਾਂ ਜਾਂ ਗੁਰੂ ਪਾਤਸ਼ਾਹ ਇਸ ਪੜ੍ਹੀ ਜਾ ਰਹੀ ਬਾਣੀ ਵਿਚ ਸਾਨੂੰ ਕੀ ਸਮਝਾਉਂਦੇ ਹਨ ?

ਇਹੋ ਕਾਰਨ ਹੈ ਕਿ ਅਜ ਅਸੀਂ ਬਹੁਤਾ ਕੁਝ ਉਹੋ ਹੀ ਕਰਦੇ ਕਰਾਉਂਦੇ ਹਨ ਅਤੇ ਬਿਨਾਂ ਵਿਚਾਰੇ, ਬਿਨਾਂ ਸੋਚੇ, ਲਾਈ ਲਗਾਂ ਦੀ ਤਰ੍ਹਾਂ ਬੇਮਲੂਮੇ ਵਹਿਮਾਂ-ਭਰਮਾਂ ਅਤੇ ਭੁਲੇਖਿਆਂ ਵਿਚ ਪੈ ਗਏ ਹਾਂ ਜਾਂ ਪੈ ਰਹੇ ਹਾਂ ਜਿਨ੍ਹਾਂ ਵਿਚੋਂ ਸਾਨੂੰ ਗੁਰੂ ਪਾਤਸ਼ਾਹ ਨੇ 500 ਸਾਲ ਪਹਿਲਾਂ ਕਢਿਆ ਸੀ।

ਅਜ ਇਸ ਛੋਟੇ ਜਿਹੇ ਟ੍ਰੈਕਟ ਵਿਚ ਅਸੀਂ ਕੇਵਲ ਦੋ ਤਰ੍ਹਾਂ ਦੇ ਵਹਿਮਾਂ ਜਾਂ ਭੁਲੇਖਿਆਂ ਬਾਰੇ ਗਲ ਆਪਣੇ ਪਾਠਕਾਂ ਨਾਲ ਸਾਂਝੀ

ਕਰਨੀ ਹੈ। ਇਹ ਦੋ ਤਰ੍ਹਾਂ ਦੇ ਵਹਿਮ ਹਨ। ਸਰਾਧ ਅਤੇ ਵਰਤ (ਕਰਵਾ ਚੌਥ ਆਦਿ)

## ਸਰਾਧ-ਸ਼੍ਰਾਧ

ਵੈਸੇ-ਸ਼੍ਰਾਧ ਦਾ ਅਰਥ-ਸ਼ਰਧਾ ਨਾਲ ਕੀਤੇ ਕਰਮ ਨੂੰ ਵਿਦਵਾਨ ਕਹਿੰਦੇ ਹਨ। ਕੌਮ ਦੇ ਮਹਾਨ ਵਿਦਵਾਨ ਭਾ: ਸਾ: ਭਾਈ ਕਾਨ੍ਹ ਸਿੰਘ ਜੀ ਨਾਭਾ –'ਗੁਰਮਤਿ ਪ੍ਰਭਾਕਰ' ਦੇ ਪੰਨਾ 244 ਉਤੇ ਸਰਾਧਾਂ ਬਾਰੇ ਇਉਂ ਲਿਖਦੇ ਹਨ :-

ਮਰੇ ਹੋਏ ਪਿਤਰਾਂ ਨੂੰ ਤ੍ਰਿਪਤ ਔਰ ਪ੍ਰਸੰਨ ਕਰਨ ਵਾਸਤੇ ਜੋ ਅੰਨ ਵਸਤ੍ਰ ਆਦਿਕ ਸਾਮਗ੍ਰੀ ਦਿੱਤੀ ਜਾਂਦੀ ਹੈ, ਪੁਰਾਣਕ ਮਤ ਅਨੁਸਾਰ ਉਸ ਦਾ ਨਾਂ ਸ਼੍ਰਾਧ ਹੈ ਜਿਸ ਦੇ ਮੁਖ ਤਿੰਨ ਭੇਦ ਹਨ :-

1. ਖਿਆਹੀ 2. ਪਾਰਬਣ 3. ਮਹਾਲਯ

ਪਿਤਰ ਦੇ ਮਰਨ ਵਾਲੇ ਮਹੀਨੇ ਔਰ ਤਿਥੀ ਵਿਚ ਸ਼੍ਰਾਧ ਕਰਨ ਨੂੰ ਖਿਆਹੀ, ਅਮਾਵਸ-ਪੂਰਨਮਾਸ਼ੀ ਆਦਿਕ ਪੁਰਬਾਂ ਵਿਚ ਸ਼੍ਰਾਧ ਕਰਨ ਨੂੰ ਪਾਰਬਣ ਔਰ ਅੱਸੂ ਦੇ ਅਨ੍ਹੇਰੇ ਪਖ ਵਿਚ ਪਿਤਰਾਂ ਨੂੰ ਤ੍ਰਿਪਤ ਕਰਨਾ ਮਹਾਲਯ ਸ਼੍ਰਾਧ ਹੁੰਦਾ ਹੈ।

ਮਨੂੰ (ਸਿਮਰਤੀ) ਅਨੁਸਾਰ ਤਿਲ, ਜੌਂ, ਚਾਉਲ, ਮਾਂਹ ਅਰ ਤਰਕਾਰੀਆਂ ਦੇਣ ਨਾਲ ਇਕ ਮਹੀਨਾ, ਮੱਛੀ ਦੇ ਮਾਸ ਨਾਲ ਦੋ ਮਹੀਨੇ, ਹਰਨ ਦੇ ਮਾਸ ਨਾਲ ਤਿੰਨ ਮਹੀਨੇ, ਮੀਢੇ ਦੇ ਮਾਸ ਕਰਕੇ ਚਾਰ ਮਹੀਨੇ, ਪਰਿੰਦਿਆਂ (ਪੰਛੀਆਂ) ਦੇ ਮਾਸ ਨਾਲ ਪੰਜ ਮਹੀਨੇ, ਬਕਰੇ ਤੇ ਹੋਰ ਵੱਖ ਵੱਖ ਜਾਨਵਰਾਂ ਦੇ ਮਾਸ ਨਾਲ ਭੋਜਨ ਖੁਆਉਣ ਨਾਲ ਪਤਰਾਂ ਦੀ ਤ੍ਰਿਪਤੀ ਹੋਰ ਵਧੇਰੇ ਹੋਣੀ ਦਸੀ ਗਈ ਹੈ...ਆਦਿ।

ਇਸ ਤਰ੍ਹਾਂ ਹਿੰਦੂ ਵੀਰ ਆਪਣੇ ਧਾਰਮਕ ਵਿਸ਼ਵਾਸ਼ਾਂ (ਸ਼ਾਸਤਰ-ਪੁਰਾਣਾ ਦੇ ਮੱਤ) ਅਨੁਸਾਰ ਮਰੇ ਪ੍ਰਾਣੀ ਨਮਿਤ ਹਰ ਸਾਲ ਸਰਾਧ ਕਰਦੇ ਹਨ। ਭਾਵ ਇਹ ਕਿ ਵਿਛੜੀ ਰੂਹ (ਪਿਤਰ) ਨੂੰ ਖੁਰਾਕ ਪਹੁੰਚਾਉਣ ਲਈ ਸਰਾਧ ਵਾਲੇ ਦਿਨ ਬ੍ਰਾਹਮਣਾਂ ਨੂੰ ਚੰਗਾ ਚੋਖਾ ਭੋਜਨ ਉਚੇਚੇ ਤੌਰ ਤੇ ਤਿਆਰ ਕਰਕੇ ਖੁਆਇਆ ਜਾਂਦਾ ਹੈ ਅਤੇ ਦਾਨ-ਦਛਣਾ ਦਿੱਤੀ ਜਾਂਦੀ ਹੈ। ਪਰ ਗੁਰੂ ਮਹਾਰਾਜ ਸਾਨੂੰ ਸਮਝਾਉਂਦਿਆਂ ਬਾਣੀ ਵਿਚ ਕਹਿੰਦੇ ਹਨ :-

*ਆਇਆ ਗਇਆ ਮੁਇਆ ਨਾਉ ॥*
*ਪਿਛੈ ਪਤਲਿ ਸਦਿਹੁ ਕਾਂਵ ॥*
*ਨਾਨਕ ਮਨਮੁਖਿ ਅੰਧ ਪਿਆਰੁ ॥*
*ਬਾਝੁ ਗੁਰੂ ਡੁਬਾ ਸੰਸਾਰ ॥(੧੩੮)*

ਭਾਵ –ਜੀਵ ਸੰਸਾਰ ਵਿੱਚ ਆਉਂਦਾ (ਜੰਮਦਾ) ਹੈ ਤੇ ਚਲਾ (ਮਰ) ਜਾਂਦਾ ਹੈ। ਪਿਛੇ ਸੰਸਾਰ ਉਸ ਦਾ ਨਾਂ ਵੀ ਭੁਲ ਜਾਂਦਾ ਹੈ। ਉਸ ਦੀ ਮੌਤ ਪਿਛੋਂ ਉਸ ਦੀ ਰੂਹ (ਪਿਤਰਾਂ) ਨੂੰ ਖੁਰਾਕ ਪਹੁੰਚਾਉਣ ਲਈ ਪਤਰਾਂ ਉਤੇ (ਜੌਂ ਆਦਿ ਦੇ ਆਟੇ ਦੇ) ਪਿੰਡ ਭਰਾਏ ਜਾਂਦੇ ਹਨ ਅਤੇ ਕਾਂਵਾਂ ਨੂੰ ਬੁਲਾ ਕੇ ਭੋਜਨ ਦਿੰਦੇ ਹਨ।

ਗੁਰੂ ਮਹਾਰਾਜ ਕਹਿੰਦੇ ਹਨ ਕਿ ਜੰਮ ਕੇ ਮਰ ਚੁਕੇ ਪ੍ਰਾਣੀ ਨੂੰ ਤਾਂ ਇਸ ਤਰ੍ਹਾਂ ਕੁਝ ਵੀ ਨਹੀਂ ਅਪੜਦਾ। ਇਹ ਅਤੇ ਇਸ ਤਰ੍ਹਾਂ ਦੇ ਹੋਰ ਕੰਮ (ਸਰਾਧ ਆਦਿ ਕਰਨ ਦੇ ਕੰਮ) ਤਾਂ ਪ੍ਰਭੂ ਨੂੰ ਭੁਲੇ ਹੋਏ ਲੋਕ ਅਗਿਆਨਤਾ ਵਸ ਹੀ ਕਰਦੇ ਹਨ। ਇਸ ਤਰ੍ਹਾਂ ਅਗਿਆਨਤਾ ਵਸ ਕੀਤੇ ਕੰਮਾਂ ਨੂੰ ਬਿਨਾਂ ਵੀਚਾਰੇ, ਇਸ ਦਾ ਕੀ ਫਲ ਹੋ ਸਕਦਾ ਹੈ ? (ਭਾਵ ਕੁਝ ਨਹੀਂ) ਆਖਰੀ ਪੰਗਤੀ ਵਿੱਚ ਗੁਰੂ ਮਹਾਰਾਜ ਦਸਦੇ ਹਨ ਕਿ ਸਚੇ ਗੁਰੂ ਦੀ ਸ਼ਰਨ ਪੈਣ ਤੋਂ ਬਗੈਰ ਸਾਰਾ

ਜਗਤ ਇਸ ਸੰਸਾਰ ਸਮੁੰਦਰ ਵਿੱਚ ਡੁੱਬ ਰਿਹਾ ਹੈ।

ਪਿਤਰਾਂ ਨਮਿਤ ਸਰਾਧ ਆਦਿ ਕਰਨ ਕਰਾਉਣ ਬਾਰੇ ਗੁਰੂ ਮਹਾਰਾਜ ਇਕ ਥਾਂ ਹੋਰ ਬੜਾ ਸੁੰਦਰ ਤੇ ਸੌਖੇ ਸ਼ਬਦਾਂ ਵਿੱਚ ਸਾਨੂੰ ਸਮਝਾਉਂਦੇ ਹੋਏ ਲਿਖਦੇ ਹਨ :-

*ਜੀਵਤ ਪਿਤਰ ਨ ਮਾਨੈ ਕੋਊ,*
*ਮੂਏ ਸਰਾਧ ਕਰਾਂਹੀ ॥*
*ਪਿਤਰ ਭੀ ਬਪੁਰੇ ਕਹੁ ਕਿ ਪਾਵਹਿ ?*
***ਕਊਆ ਕੂਕਰ ਖਾਹੀਂ ॥ (੩੩੨)***

**ਭਾਵ** –ਲੋਕੀ ਜੀਉਂਦੇ ਮਾਪਿਆਂ ਦੀ ਸੇਵਾ ਅਤੇ ਆਦਰ ਤਾਂ ਕਰਦੇ ਨਹੀਂ ਪਰ ਉਨ੍ਹਾਂ ਦੇ ਮਰਨ ਮਗਰੋਂ ਉਨ੍ਹਾਂ ਨਮਿਤ (ਨਹੀਂ ਸਗੋਂ ਆਪਣੀ ਝੂਠੀ ਵਡਿਆਈ ਖਾਤਰ) ਸਰਾਧ ਕਰਦੇ ਹਨ।

ਵਿਚਾਰੇ ਪਿਤਰ ਸਰਾਧਾਂ ਦਾ ਭੋਜਨ ਕਿਵੇਂ ਪ੍ਰਾਪਤ ਕਰਨ ? (ਭਾਵ ਨਹੀਂ ਪ੍ਰਾਪਤ ਕਰਦੇ) ਉਸ ਭੋਜਨ ਨੂੰ ਕਾਂ ਕੁਤੇ ਹੀ.ਖਾ ਜਾਂਦੇ ਹਨ (ਭਾਵ ਕਿਸੇ ਲੇਖੇ ਨਹੀਂ ਲਗਦਾ )।

ਲਾਹੌਰ ਦੇ ਸੇਠ ਦੂਨੀ ਚੰਦ ਦੇ ਹਰ ਸਾਲ ਸਰਾਧ ਕਰਨ ਦੀ ਸਾਖੀ ਵੀ ਸਾਡੇ ਇਤਿਹਾਸ ਵਿੱਚ ਬਹੁਤਿਆਂ ਨੇ ਪੜ੍ਹੀ ਸੁਣੀ ਹੋਵੇਗੀ ਕਿ ਕਿਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਇਨ੍ਹਾਂ ਸ਼ਰਾਧ ਦੇ ਦਿਨਾਂ ਵਿਚ ਦੂਨੀ ਚੰਦ ਅਤੇ ਉਸ ਸਮੇਂ ਹਾਜ਼ਰ ਅਨੇਕਾ ਲੋਕਾਂ ਨੂੰ ਸੋਝੀ ਬਖਸ਼ੀ ਸੀ ਕਿ ਕਿਸ ਤਰ੍ਹਾਂ ਉਸ ਦਾ ਮਰ ਚੁਕਿਆ ਪਿਤਾ, ਜਿਸ ਨਮਿਤ ਉਹ ਹਰ ਸਾਲ ਸਰਾਧ ਕਰਦਾ ਚਲਾ ਆ ਰਿਹਾ ਸੀ, ਉਹ ਨੇੜੇ ਦੇ ਜੰਗਲ ਵਿੱਚ ਬੁਢੇ ਬਘਿਆੜ ਦੀ ਜੂਨ ਵਿੱਚ ਕਈ ਦਿਨਾਂ ਦਾ ਭੁਖਾ ਨਿਢਾਲ ਪਿਆ ਹੋਇਆ ਸੀ। ਇਸ ਸਰਾਧ ਦੇ ਖੁਆਏ ਭੋਜਨ ਆਦਿ ਦਾ ਫਲ ਉਸ ਨੂੰ ਨਹੀਂ ਸੀ ਮਿਲ ਰਿਹਾ। ਇਸੇ ਲਈ

ਗੁਰੂ ਮਹਾਰਾਜ ਨੇ ਬਾਣੀ ਵਿੱਚ ਸਾਨੂੰ ਸਮਝਾਉਂਦਿਆਂ ਜਿਥੇ:-

*ਮੰਦਾ ਚੰਗਾ ਆਪਣਾ*
*ਆਪੇ ਹੀ ਕੀਤਾ ਪਾਵਣਾ*

*ਲਿਖਿਆ ਹੈ ਉਥੇ ਇਹ ਵੀ ਸਪਸ਼ਟ ਕੀਤਾ ਹੈ :-*

*ਨਾਨਕ, ਅਗੇ ਸੋ ਮਿਲੈ,*
*ਜਿ, ਖਟੇ ਘਾਲੈ ਦੇਇ ॥(੪੭੨)*

ਭਾਵ–ਮਨੁੱਖ ਨੂੰ ਅਗੇ (ਪ੍ਰਲੋਕ ਵਿੱਚ) ਉਹੋ ਕੁਝ ਮਿਲਦਾ ਹੈ ਜੋ ਉਸ ਨੇ ਆਪਣੇ ਜੀਵਨ-ਕਾਲ ਵਿੱਚ ਖਟਿਆ-ਕਮਾਇਆ ਹੁੰਦਾ ਹੈ, ਅਰਥਾਤ ਆਪਣੀ ਨੇਕ ਕਮਾਈ ਵਿੱਚੋਂ ਵੰਡ ਛਕਣ ਦੇ ਸਿਧਾਂਤ ਨੂੰ ਸਾਹਮਣੇ ਰਖਦਿਆਂ (ਦੁਖੀਆਂ ਲੋੜਵੰਦਾਂ ਨੂੰ) ਦੇਂਦਾ ਹੈ। ਅਰਥਾਤ ਦੂਜੇ ਦਾ ਦਿੱਤਾ ਕਿਸੇ ਨੂੰ ਨਹੀਂ ਮਿਲਦਾ।

ਇਸ ਤੋਂ ਸਪਸ਼ਟ ਹੁੰਦਾ ਹੈ ਪਰਮਾਰਥ ਦੇ ਰਾਹ ਤੁਰਦਿਆਂ ਸਭ ਨੂੰ ਆਪਣਾ ਭਾਰ ਆਪ ਹੀ ਚੁਕਣਾ ਪੈਂਦਾ ਹੈ। ਇਸੇ ਲਈ ਗੁਰੂ ਪਾਤਸ਼ਾਹ ਸਾਨੂੰ ਇਕ ਥਾਂ ਹੋਰ ਉਪਦੇਸ਼ ਦੇਂਦਿਆਂ ਕਹਿੰਦੇ ਹਨ :-

*ਆਪਣ ਹਥੀ ਆਪਣਾ*
*ਆਪੇ ਹੀ ਕਾਜੁ ਸਵਾਰੀਐ ॥ (੪੭੪)*

ਇਤਨੇ ਸਪਸ਼ਟ ਗੁਰ ਉਪਦੇਸ਼ਾਂ ਦੇ ਹੁੰਦਿਆਂ ਵੀ ਸਾਡੇ ਸਿਖ ਵੀਰ-ਭੈਣਾਂ ਜੋ ਇਨ੍ਹਾਂ ਸਰਾਧਾਂ ਦੇ ਦਿਨਾਂ ਵਿੱਚ ਬ੍ਰਾਹਮਣਾ ਦੀ ਥਾਂ ਭਾਈਆਂ -ਪਾਠੀਆਂ ਨੂੰ ਪ੍ਰਸ਼ਾਦ ਛਕਾਉਂਦੇ ਹਨ ਜਾਂ ਗੁਰਦੁਆਰਿਆਂ ਵਿੱਚ ਪੂਰੀ-ਕੜਾਹ ਜਾਂ ਮਠਿਆਈ, ਮਿਠੇ ਚਾਉਲ ਆਦਿ ਵੰਡਦੇ ਫਿਰਦੇ ਹਨ ਜਾਂ ਆਪਨੇ ਸਬੰਧੀ ਦੀ ਮੌਤ ਵਾਲੀ ਥਿਤ ਉਤੇ ਉਚੇਚੇ ਗੁਰਦੁਆਰੇ ਜਾ ਕੇ ਕੜਾਹ ਪ੍ਰਸ਼ਾਦ ਲਈ ਮਾਇਆ ਦੇਣ ਤੋਂ ਸਿਧ ਹੁੰਦਾ ਹੈ ਕਿ ਇਹ ਲੋਕ ਸਰਾਧਾਂ ਦੇ ਚਕਰਾਂ ਵਿੱਚੋਂ ਹਾਲਾਂ ਪੂਰੀ ਤਰ੍ਹਾਂ

ਨਹੀਂ ਨਿਕਲ ਸਕੇ। ਉਨ੍ਹਾਂ ਨੇ ਸਰਾਧ ਕਰਨ ਦਾ ਕੇਵਲ ਤਰੀਕਾ ਹੀ ਬਦਲਿਆ ਹੈ, ਉਨ੍ਹਾਂ ਦੇ ਦਿਲਾਂ ਵਿੱਚੋਂ ਇਹ ਵਹਿਮ, ਇਹ ਭੁਲੇਖਾ ਹਾਲਾਂ ਪੂਰੀ ਤਰ੍ਹਾਂ ਦੂਰ ਨਹੀਂ ਹੋਇਆ ਜੋ ਗੁਰੂ ਮਹਾਰਾਜ ਨੇ ਅੱਜ ਤੋਂ 525 ਸਾਲ ਪਹਿਲਾਂ, ਗੁਰਬਾਣੀ ਦੇ ਵੱਖ-ਵੱਖ ਉਪਦੇਸ਼ਾਂ ਰਾਹੀਂ ਦੂਰ ਕੀਤਾ ਸੀ ਕਿ :-

*ਨਾਨਕ, ਏਥੈ ਕਮਾਵੈ ਸੋ ਮਿਲੈ,*
*ਅਗੈ ਪਾਏ ਜਾਇ ॥*

ਭਾਵ- ਮਨੁੱਖ ਇਸ ਲੋਕ ਵਿੱਚ ਜੋ ਕਮਾਉਂਦਾ ਹੈ ਉਸੇ ਦਾ ਫਲ ਭੋਗਦਾ ਹੈ ਅਤੇ ਅੱਗੇ ਜਾ ਕੇ ਵੀ ਆਪਣੇ ਕੀਤੇ ਕਰਮ ਅਨੁਸਾਰ ਹੀ ਫਲ ਪ੍ਰਾਪਤ ਕਰਦਾ ਹੈ। ਕਿਸੇ ਦੇ ਕਰਨ ਨਾਲ ਕੁਝ ਨਹੀਂ ਸੰਵਰਦਾ।

ਗੁਰਦੁਆਰੇ ਕੜਾਹ ਪ੍ਰਸ਼ਾਦ ਕਰਾਉਣਾ, ਸਿੰਘਾਂ ਨੂੰ ਪ੍ਰਸ਼ਾਦ ਛਕਾਉਣਾ ਜਾਂ ਸੰਗਤਾਂ ਦੀ ਹੋਰ ਕਿਸੇ ਤਰੀਕੇ ਨਾਲ ਸੇਵਾ ਕਰਨੀ ਬੜੀ ਚੰਗੀ ਗਲ ਹੈ, ਪਰ ਇਹ ਚੰਗਾ ਕੰਮ ਕੇਵਲ ਸਰਾਧਾਂ ਦੇ ਦਿਨਾਂ ਵਿੱਚ ਹੀ ਕਿਉਂ ਚੇਤੇ ਆਉਂਦਾ ਹੈ, ਅੱਗੇ ਪਿਛੇ ਕਿਉਂ ਨਹੀਂ ਕੀਤਾ ਜਾਂਦਾ ?

ਇਸ ਤੋਂ ਸਪਸ਼ਟ ਹੈ ਕਿ ਸਾਨੂੰ ਗੁਰੂ ਮਹਾਰਾਜ ਦਾ ਉਪਦੇਸ਼ :

*ਜਬ ਲਗ ਖਾਲਸਾ ਰਹੈ ਨਿਆਰਾ ॥*
*ਤਬ ਲਗ ਤੇਜ ਦੀਓ ਮੈਂ ਸਾਰਾ ॥*
*ਜਬ ਇਹ ਗਹੈ ਬਿਪ੍ਰਨ ਕੀ ਰੀਤ ॥*
*ਮੈ ਨਾ ਕਰਉ ਇਨ ਕੀ ਪ੍ਰਤੀਤ ॥*

ਭੁਲ ਗਿਆ ਹੈ ਜਾਂ ਭੁਲਦਾ ਜਾ ਰਿਹਾ ਹੈ ਅਤੇ ਬਿਪਰਨ (ਬ੍ਰਾਹਮਣਾਂ) ਦੇ ਪਾਏ ਹੋਏ ਭੁਲੇਖੇ, ਵਹਿਮਾਂ ਵਿਚੋਂ ਅਸੀਂ ਪੂਰੀ ਤਰ੍ਹਾਂ

ਨਹੀਂ ਨਿਕਲ ਸਕੇ। ਗੁਰਬਾਣੀ ਦੀ ਸਪਸ਼ਟ ਅਗਵਾਈ ਦੇ ਹੁੰਦਿਆਂ ਸਰਾਧਾਂ ਦੇ ਦਿਨਾਂ ਵਿਚ ਵਿਆਹ-ਸ਼ਾਦੀ ਜਾਂ ਹੋਰ ਖੁਸ਼ੀ ਦਾ ਕਾਰਜ ਕਰਨ ਤੋਂ ਸੰਕੋਚ ਕਰਨਾ ਸਾਡੀ ਅਗਿਆਨਤਾ ਦਾ ਪ੍ਰਤੱਖ ਸਬੂਤ ਹੈ ਜਦ ਕਿ ਇਨ੍ਹਾਂ ਦਿਨਾਂ ਵਿਚ ਹਰ ਚੀਜ਼ ਸੌਖੀ ਤੇ ਠੀਕ ਮਿਲ ਜਾਂਦੀ ਹੈ ਤੇ ਪ੍ਰਬੰਧ ਵੀ ਚੰਗਾ ਹੋ ਸਕਦਾ ਹੈ।

## ਮੂਰਖਤਾ ਦੀ ਹੱਦ

ਜਿਸ ਗੁਰੂ ਨਾਨਕ ਪਾਤਸ਼ਾਹ ਨੇ ਹਜ਼ਾਰਾਂ ਮੀਲਾਂ ਦਾ ਪੰਧ ਕਰ ਕੇ ਦੇਸ਼ਾਂ ਵਿਦੇਸ਼ਾਂ ਵਿਚ ਜਾ ਜਾ ਕੇ ਲੋਕਾਂ ਨੂੰ ਵਹਿਮਾਂ-ਭਰਮਾਂ, ਸਰਾਧਾਂ ਤੇ ਵਰਤ ਆਦਿ ਦੇ ਚਕਰਾਂ ਵਿਚੋਂ ਕਢਿਆ ਸੀ। ਅਜ ਉਸ ਦੇ ਸਿਖ ਅਖਵਾਉਣ ਵਾਲੇ ਹੀ ਜੇ ਉਸ ਦਾ ਹੀ ਸਰਾਧ ਕਰਨ ਲਗ ਪੈਣ ਤਾਂ ਦਸੋ ਕੀ ਇਹ ਮੂਰਖਤਾ ਦੀ ਹੱਦ ਟਪਣ ਵਾਲੀ ਗਲ ਨਹੀਂ ? ਕੀ ਇਹ ਅਕ੍ਰਿਤਘਣਤਾ ਵਾਲੀ ਗਲ ਨਹੀਂ ? ਜ਼ਰਾ ਵੀਚਾਰੋ ! ਇਹ ਠੀਕ ਪ੍ਰਚਾਰ ਦੀ ਘਾਟ ਦਾ ਕਾਰਨ ਹੈ।

## ਚੰਗੇ-ਮੰਦੇ ਦਿਨ

ਚੰਗੇ ਮੰਦੇ ਦਿਨਾਂ ਦੇ ਵਹਿਮ (ਤਾਰਾ ਚੜ੍ਹਿਆ-ਡੁਬਾ ਆਦਿ) ਤਿਥਿ ਵਾਰ ਅਤੇ ਮਹੂਰਤ ਕਢਵਾਉਣ ਦੇ ਚਕਰਾਂ ਵਿਚੋਂ ਗੁਰੂ ਪਾਤਸ਼ਾਹ ਨੇ ਸਾਨੂੰ ਕਢਦਿਆਂ ਬਾਣੀ ਰਾਹੀਂ ਸਮਝਾਇਆ ਕਿ ਸੰਗਰਾਂਦ, ਮਸਿਆ, ਪੂਰਨਮਾਸ਼ੀ, ਪੰਚਮੀਂ, ਦਸਵੀਂ ਆਦਿ ਕੋਈ ਦਿਨ ਵੀ ਆਪਣੇ ਆਪ ਵਿਚ ਚੰਗਾ ਜਾਂ ਪਵਿਤ੍ਰ ਨਹੀਂ। ਗੁਰੂ ਕੇ ਸਿਖ ਲਈ ਗੁਰਬਾਣੀ ਅਨੁਸਾਰ ਜੇ ਕੋਈ ਦਿਨ-ਵਾਰ ਜਾਂ ਸਮਾਂ ਚੰਗਾ ਜਾਂ ਭਲਾ ਹੈ ਤਾਂ ਉਹ ਇਸ ਤਰ੍ਹਾਂ ਹੈ:-

1. ਸੋਈ ਦਿਵਸ ਭਲਾ ਮੇਰੇ ਭਾਈ
ਹਰਿ ਗੁਣ ਗਾਇ ਪਰਮ ਗਤਿ ਪਾਈ ॥
2. ਦਿਨ ਰੈਣ ਸਭ ਸੁਹਾਵਣੇ, ਪਿਆਰੇ
ਜਿਤੁ ਜਪੀਐ ਹਰਿ ਨਾਉ ॥
3. ਮਾਹ ਦਿਵਸ ਮੂਰਤ ਭਲੇ
ਜਿਸ ਕਉ ਨਦਰ ਕਰੇ ॥
4. ਸਾ ਵੇਲਾ, ਸੋ ਮੂਰਤ, ਸਾ ਘੜੀ !
ਸੋ ਮੁਹਤ ਸਫਲ ਹੈ, ਮੇਰੀ ਜਿੰਦੜੀਏ !!
ਜਿਤੁ ਹਰਿ ਮੇਰਾ ਚਿਤ ਆਵੈ ਰਾਮ ॥

ਇਸ ਦੇ ਉਲਟ ਤਿਥਿ ਵਾਰ ਦਾ ਚੰਗਾ ਜਾਂ ਮਾੜਾ ਮੰਨਣਾ ਜਾਂ ਮਹੂਰਤ ਆਦਿ ਦੇ ਵਹਿਮ ਕਰਨਾ, ਜਿਥੇ ਗੁਰਮਤਿ ਵਿਰੁਧ ਹੈ ਉਥੇ ਨਿਰੀ ਮਨਮਤ ਹੈ। ਗੁਰੂ ਮਹਾਰਾਜ ਦਾ ਬਿਲਾਵਲ ਰਾਗ ਵਿਚ ਲਿਖਿਆ ਇਹ ਸ਼ਬਦ ਧਿਆਨ ਨਾਲ ਪੜ੍ਹਨ ਨਾਲ ਕੋਈ ਭਰਮ ਭੁਲੇਖਾ ਬਾਕੀ ਰਹਿੰਦਾ ਹੀ ਨਹੀਂ।

ਥਿਤੀ ਵਾਰ ਸਭ ਸਬਦ ਸੁਹਾਏ
ਸਤਗੁਰੁ ਸੇਵੇ ਤਾਂ ਫਲ ਪਾਏ ॥
ਥਿਤੀ ਵਾਰ ਸਭ ਆਵਹਿ ਜਾਹਿ,
ਗੁਰੁ ਸਬਦ ਨਿਹਚਲ ਸਦਾ ਸਚ ਸਮਾਹਿ ॥
ਥਿਤੀ ਵਾਰ ਤਾਂ, ਜਾਂ ਸਚ ਰਾਤੇ
ਬਿਨ ਨਾਵਹਿ ਸਭ ਭਰਮਹਿ ਕਾਚੇ ॥
ਮਨਮੁਖ ਮਰਹਿ, ਮਰ ਬਿਗਤੀ ਜਾਹਿ
ਏਕ ਨ ਚੇਤਹਿ ਦੂਜੇ ਲੋਭਾਹਿ ॥
ਐਥੇ ਸੁਖ ਨ ਆਗੈ ਹੋਇ

ਮਨਮੁਖ ਮੂਏ ਅਪਣਾ ਜਨਮ ਖੋਇ ॥

........................

ਸਤਿਗੁਰੂ ਬਾਝਹੁ ਅੰਧ ਗੁਬਾਰ

ਥਿਤੀ ਵਾਰ ਸੇਵਹਿ ਮੁਗਧ ਗਵਾਰ ॥

## ਸੰਖੇਪ

1. ਸਿਖ ਧਰਮ ਆਪਣੇ ਆਪ ਵਿੱਚ ਮੁਕੰਮਲ ਧਰਮ ਹੈ ਅਤੇ ਇਸ ਦੀ ਵੀਚਾਰ ਧਾਰਾ ਗੁਰਬਾਣੀ ਆਧਾਰਤ ਹੈ। ਇਸ ਲਈ ਸਾਨੂੰ ਸਿੱਖਾਂ ਨੂੰ ਹੋਰਨਾਂ ਦੀ ਦੇਖਾ ਦੇਖੀ ਕਰਨ ਦੀ ਥਾਂ ਗੁਰਬਾਣੀ ਤੋਂ ਅਗਵਾਈ ਲੈ ਕੇ ਹੀ ਦੁਨਿਆਵੀ ਅਤੇ ਹੋਰ ਧਾਰਮਕ ਕਰਮ ਕਰਨੇ ਚਾਹੀਦੇ ਹਨ।

2. ਗੁਰੂ ਮਹਾਰਾਜ ਨੇ ਖਾਲਸਾ ਪੰਥ ਦੀ ਸਾਜਨਾ ਕਰਦਿਆਂ ਜਿਥੇ ਇਸ ਦੀ ਸ਼ਕਲ-ਸੂਰਤ ਦੁਨੀਆਂ ਦੇ ਸਭ ਲੋਕਾਂ ਨਾਲੋਂ ਨਿਆਰੀ ਕੀਤੀ। ਉਥੇ ਇਸ ਦੇ ਨਿਆਰੇ ਗੁਣ ਇਸ ਦੇ ਨਿਆਰੇ ਕਰਮ ਵੀ ਗੁਰਬਾਣੀ ਦੇ ਆਧਾਰ ਤੇ ਹੀ ਨੀਅਤ ਕੀਤੇ ਗਏ।

3. ਇਸ ਲਈ ਗੁਰੂ ਦੇ ਸਿੱਖਾਂ ਨੇ ਸ਼ਾਸਤਰਾਂ ਅਨੁਸਾਰ ਬ੍ਰਾਹਮਣਾ ਦੀ ਚਲਾਈ ਹੋਈ ਗੀਤ ਅਨੁਸਾਰ ਮਰਨੇ-ਪਰਨੇ, ਕਿਰਿਆ-ਕਰਮ, ਸਰਾਧ ਕਰਨੇ ਅਤੇ ਨਵਰਾਤਿਆਂ ਵਿੱਚ ਕੰਜਕਾਂ ਆਦਿ ਬਿਠਾਉਣੀਆਂ ਨਹੀਂ ਸੋਭਦੀਆਂ। ਸਿੱਖਾਂ ਲਈ ਇਹ ਨਿਰੀ ਮਨਮਤ ਹੈ ਅਤੇ ਗੁਰਮਤਿ ਦੇ ਬਿਲਕੁਲ ਉਲਟ ਹੈ।

4. ਇਸੇ ਤਰ੍ਹਾਂ ਦਿਨਾਂ-ਵਾਰਾਂ ਦਾ ਭਰਮ ਕਰਨਾ ਕਿ ਕਿਹੜਾ ਦਿਨ ਜਾਂ ਕਿਹੜੀ ਥਿਤ ਚੰਗੀ ਹੈ ਅਤੇ ਕਿਹੜੀ ਨਹੀਂ ਚੰਗੀ, ਸ਼ਗਨ-ਅਪਸ਼ਗਨ ਵੀਚਾਰਨੇ,ਮਹੂਰਤਾਂ ਕਢਵਾਉਣੀਆਂ, ਗੁਰਮਤਿ ਵਿਰੋਧੀ ਕਰਮ ਹਨ। ਗੁਰੂ ਮਹਾਰਾਜ ਬਾਣੀ ਵਿਚ ਇਨ੍ਹਾਂ ਦਾ ਭਰਵਾਂ ਖੰਡਨ ਕਰਦੇ ਹਨ ਅਤੇ ਇਕ ਥਾਂ ਕਹਿੰਦੇ ਹਨ :-

*ਸ਼ਗਨ ਅਪਸ਼ਗਨ ਤਿਸ ਕੋ ਲਗੈ*
*ਜਿਸ ਚੀਤ ਨ ਆਵੈ ॥*

ਇਸ ਲਈ ਗੁਰੂ ਕੇ ਸਿੱਖ ਲਈ ਉਹੋ ਦਿਨ, ਉਹੋ ਥਿਤਿ ਉਹੋ ਸਮਾਂ ਚੰਗਾ ਅਤੇ ਭਲਾ ਹੈ ਜਿਸ ਸਮੇਂ ਵਾਹਿਗੁਰੂ ਅਕਾਲ ਪੁਰਖ ਚੇਤੇ ਆਉਂਦਾ ਹੈ, ਉਸ ਦੀ ਉਸਤਤ, ਉਸ ਦਾ ਸਿਫਤ ਸਲਾਹ ਕਰਨ-ਸੁਣਨ ਦਾ ਅਵਸਰ ਮਿਲਦਾ ਹੈ ॥

5. ਇਸ ਤਰ੍ਹਾਂ ਸੰਗਰਾਂਦ, ਮਸਿਆ, ਪੂਰਨਮਾਸ਼ੀ ਆਦਿ ਆਪਣੇ ਆਪ ਵਿੱਚ ਕੁਝ ਨਹੀਂ। ਸੰਗਰਾਂਦ, ਸੂਰਜ ਨੂੰ ਦੇਵਤਾ ਮੰਨਣ ਵਾਲਿਆਂ ਲਈ, ਪੂਰਨਮਾਸ਼ੀ ਚੰਦਰਮਾਂ ਨੂੰ ਦੇਵਤਾ ਮੰਨਣ ਵਾਲਿਆਂ ਲਈ ਭਾਵੇਂ ਕੁਝ ਹੋਣ ਪਰ ਗੁਰੂ ਕਾ ਸਿੱਖ ਤਾਂ ਇਕ ਅਕਾਲ ਪੁਰਖ ਦਾ ਹੀ ਪੁਜਾਰੀ ਹੈ ਅਤੇ ਉਹ ਉਸੇ ਦੀ ਸਿਫਤ ਸਲਾਹ ਕਰਦਾ ਹੈ। ਉਹ ਕਿਸੇ ਦੇਵੀ ਦੇਵਤੇ ਦਾ ਪੁਜਾਰੀ ਨਹੀਂ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਾਨੂੰ ਸਮਝਾਇਆ ਸੀ ਕਿ ਅਸੀ :-

ਪੂਜਾ ਅਕਾਲ ਦੀ
ਪਰਚਾ ਸ਼ਬਦ ਕਾ (ਗੁਰਬਾਣੀ ਦਾ)
ਦਰਸ਼ਨ ਖਾਲਸੇ ਕਾ ਕਰਨਾ ਹੈ। (ਭੇਡ ਚਾਲ ਨਹੀਂ ਕਰਨੀ)

# ਵਰਤ

ਵੈਸੇ ਤਾਂ ਅਸੀ ਸਾਰੇ ਆਪਣੇ ਆਪ ਨੂੰ ਗੁਰੂ ਕੇ ਸਿਖ ਹੀ ਅਖਵਾਉਂਦੇ ਹਾਂ ਅਤੇ ਕਹਿੰਦੇ ਹਾਂ ਕਿ ਗੁਰਬਾਣੀ ਸਾਡਾ ਗੁਰੂ ਹੈ। ਪਰ ਗੁਰਬਾਣੀ ਨੂੰ ਧਿਆਨ ਨਾਲ, ਵੀਚਾਰ ਨਾਲ ਨਾਂਹ ਪੜ੍ਹਨਾ ਸੁਣਨਾ ਅਤੇ ਨਾ ਹੀਂ ਗੁਰਬਾਣੀ ਅਨੁਸਾਰ ਜੀਵਨ ਜੀਉਣ ਦੀ ਕੋਸ਼ਸ਼ ਕਰਨੀ, ਸਗੋਂ ਗੁਰਬਾਣੀ ਦੇ ਉਪਦੇਸ਼ਾਂ ਦੇ ਉਲਟ ਹੋਰਨਾਂ ਦੀ ਦੇਖਾ ਦੇਖੀ ਕਰਮ ਕਰਨੇ ਸਿਖੀ ਤੋਂ ਦੂਰ ਹੋਣ ਵਾਲੀਆਂ ਗਲਾਂ ਹਨ।

***ਦੇਖਾ ਦੇਖੀ ਸਭ ਕਰੈ***
***ਮਨਮੁਖ ਬੂਝ ਨ ਪਾਇ***

ਅਨੁਸਾਰ ਮਨਮੁਖਾਂ ਵਿਚ ਸ਼ਾਮਲ ਹੋਣਾ ਹੈ। ਕਿਵੇਂ–?

ਐ ਹੁਣ ਬੁਹੜੇ ਦਿਨਾਂ ਨੂੰ ਆਉਣ ਵਾਲਾ ਕਰਵਾ ਚੌਥ ਦਾ ਵਰਤ ਸਾਡੀਆਂ ਬਹੁਤ ਸਾਰੀਆਂ ਸਿਖ ਬੀਬੀਆਂ ਨੇ ਵੀ ਰਖਣਾ ਹੈ। ਇਹ ਠੀਕ ਹੈ ਕਿ ਠੀਕ ਪ੍ਰਚਾਰ ਦੀ ਘਾਟ ਕਾਰਨ ਬਹੁਤ ਸਾਰੇ ਸਿਖ ਅਖਵਾਉਣ ਵਾਲੇ ਵੀਰਾਂ ਭੈਣਾਂ ਨੂੰ ਸਿਖ ਰਹਿਤ ਮਰਿਯਾਦਾ ਦਾ ਹੀ ਪਤਾ ਨਹੀਂ ਜਿਸ ਕਰਕੇ ਉਹ ਵੀ ਹੋਰਨਾਂ ਦੀ ਦੇਖਾ ਦੇਖੀ ਇਸ ਤਰ੍ਹਾਂ ਦੇ ਕਰਮ ਕਾਂਡ ਕਰਨ ਲਗ ਜਾਂਦੇ ਹਨ ਪਰ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਰਖਣੀ ਹਰ ਇਕ ਸਿਖ ਦਾ ਜ਼ਰੂਰੀ ਫਰਜ਼ ਵੀ ਤਾਂ ਬਣਦਾ ਹੈ।

ਖੈਰ ! ਅਜ ਇਸ ਵਰਤ ਬਾਰੇ ਆਪਣੇ ਵੀਰਾਂ ਤੇ ਭੈਣਾਂ ਨਾਲ

ਗੁਰਬਾਣੀ ਅਤੇ ਗੁਰ ਇਤਿਹਾਸ ਰਾਹੀਂ ਵੀਚਾਰ ਸਾਂਝੇ ਕਰਦੇ ਹਾਂ ।

ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੯੦੫ ਉਤੇ ਲਿਖਦੇ ਹਨ ਕਿ ਅੰਨ ਨਾਂਹ ਖਾਣਾ, ਭਾਵ ਵਰਤ ਰਖਣਾ ਕੇਵਲ ਸਰੀਰ ਨੂੰ ਦੁਖ ਦੇਣਾ ਹੁੰਦਾ ਹੈ। ਇਸ ਨਾਲ ਆਤਮਾ ਦੀ ਤ੍ਰਿਪਤੀ ਨਹੀਂ ਹੁੰਦੀ :-

*ਅੰਨੁ ਨ ਖਾਹਿ ਦੇਹੀ ਦੁਖ ਦੀਜੈ ।*
*ਬਿਨ ਗੁਰ ਗਿਆਨ ਤ੍ਰਿਪਤ ਨਹੀ ਥੀਜੈ ॥*

ਗੁਰੂ ਗ੍ਰੰਥ ਸਾਹਿਬ ਵਿਚ ਪੰਨਾ ੮੭੩ ਉਤੇ ਭਗਤ ਕਬੀਰ ਜੀ ਦੇ ਲਿਖੇ ਸ਼ਬਦ ਦੀਆਂ ਪੰਗਤੀਆਂ ਵਿਚ ਲਿਖਿਆ ਹੈ :-

*ਛੋਡਹਿ ਅੰਨੁ ਕਰਹਿ ਪਾਖੰਡ ॥*
*ਨਾ ਸੋਹਾਗਨਿ ਨਾ ਓਹਿ ਰੰਡ ॥*

ਉਪਰਲੀਆਂ ਗੁਰਬਾਣੀ ਦੀਆਂ ਪੰਗਤੀਆਂ ਪੜ੍ਹ ਸੁਣ ਕੇ ਜੋ ਬੀਬੀਆਂ ਫਿਰ ਵੀ ਵਰਤ ਰਖਦੀਆਂ ਹਨ ਉਨ੍ਹਾਂ ਨੂੰ ਜੇ ਇਸ ਵਰਤ ਦਾ ਮਹਾਤਮ (ਫਲ) ਪਤਾ ਲਗ ਜਾਏ ਤਾਂ ਉਹ ਜ਼ਰੂਰ ਸੋਚਣਗੀਆਂ । ਗੁਰਬਾਣੀ ਨੂੰ ਗੁਰੂ ਮੰਨਣ ਵਾਲੀਆਂ ਤਾਂ ਜ਼ਰੂਰ ਇਨ੍ਹਾਂ ਵਰਤਾਂ ਦਾ ਤਿਆਗ ਕਰਨਗੀਆਂ। ਅਸਲ ਪੰਗਤੀਆਂ ਇਸ ਤਰ੍ਹਾਂ ਹਨ :-

*ਕਬੀਰ ਹਰਿ ਕਾ ਸਿਮਰਨ ਛਾਡਿ ਕੈ*
*ਅਹੋਈ ਰਾਖੈ ਨਾਰਿ ॥*
*ਗਦਹੀ ਹੋਇ ਕੈ ਅਉਤਰੈ*
*ਭਾਰ ਸਹੈ ਮਨ ਚਾਰ ॥ (੧੩੭੦)*

ਭਾਵ– ਜੋ ਇਸਤ੍ਰੀ ਪ੍ਰਭੂ ਦਾ ਸਿਮਰਨ ਤਾਂ ਕਰਦੀ ਨਹੀਂ ਪਰ

ਉਹ ਅਹੋਈ (ਸੀਤਲਾ ਦੇਵੀ) ਦਾ (ਜਾਂ ਪੂਰਨਮਾਸ਼ੀ ਅਤੇ ਕਰਵਾ ਚੌਥ ਆਦਿ ਦਾ ) ਵਰਤ ਰਖਦੀ ਹੈ। ਉਸ ਨੂੰ ਇਹ ਫਲ ਮਿਲਦਾ ਹੈ ਕਿ ਉਹ ਅਗਲੇ ਜਨਮ ਵਿਚ ਗਧੀ (ਖੋਤੀ) ਬਣਦੀ ਹੈ ਅਤੇ ਜਦ ਚਾਰ ਮਣ ਭਾਰ ਉਪਰ ਲਦਿਆਂ ਜਾਂਦਾ ਹੈ ਤਾਂ ਪਤਾ ਲਗਦਾ ਹੈ ਕਿ ਪ੍ਰਭੂ ਦਾ ਸਿਮਰਨ ਛਡ ਕੇ ਵਰਤ ਰਖਣ ਦਾ ਕਿਤਨਾ ਫਲ ਹੈ।

ਗੁਰਬਾਣੀ 'ਚ ਵਰਤ ਰਖਣ ਦੇ ਭੁਲੇਖੇ ਵਿਚੋਂ ਨਿਕਲਣ ਲਈ ਕਈ ਸ਼ਬਦ ਦਰਜ ਹਨ। ਦਸਮ ਪਾਤਸ਼ਾਹ 'ਖਾਲਸਾ' ਸ਼ਬਦ ਦੀ ਵਿਆਖਿਆ ਵਾਲੇ ਸ਼ਬਦ (ਜਾਗਤ ਜੋਤ ਜਪੈ ਨਿਸ ਬਾਸਰ) ਵਿਚ ਬੜੇ ਸਪੱਸ਼ਟ ਸ਼ਬਦਾਂ 'ਚ ਲਿਖਦੇ ਹਨ ਕਿ :-

*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ*

ਭਾਵ- ਗੁਰੂ ਕਾ ਸਿਖ, ਖਾਲਸਾ-ਵਰਤ, ਕਬਰ, ਸਮਾਧ, ਮੱਠ (ਜਿਸ ਵਿਚ ਮੂਰਤੀ ਸਥਾਪਨ ਕੀਤੀ ਗਈ ਹੈ) ਨੂੰ ਭੁਲ ਕੇ ਵੀ ਨਾਂਹ ਮੰਨੇ।

"ਦੀਨਨ ਕੀ ਪ੍ਰਤਿਪਾਲ ਕਰੈ " (ਨਾਲ ਸ਼ੁਰੂ ਹੋਣਾ ਵਾਲੇ ਸਵੈਯਾ ਦੇ ਆਖਰੀ ਸਵੈਯੇ ਵਿਚ ਗੁਰੂ ਦਸਮ ਪਾਤਸ਼ਾਹ ਕਹਿੰਦੇ ਹਨ :- ਤੀਰਥ ਕੋਟ ਕੀਏ ਇਸ਼ਨਾਨ

ਦੀਯੇ ਬਹੁ ਦੀਨ, ਮਹਾਂ ਬ੍ਰਤ ਧਾਰੇ ———

ਬ੍ਰਤ (ਵਰਤ) ਰਖਣ ਵਾਲਿਆਂ ਬਾਰੇ ਅਖੀਰਲੀਆਂ ਪੰਗਤੀਆਂ ਵਿਚ ਲਿਖਦੇ ਹਨ :-

*ਦੀਨ ਦਯਾਲੁ ਅਕਾਲ ਭਜੇ ਬਿਨ,*
*ਅੰਤ ਕੋ ਅੰਤਕ ਧਾਮ ਸਿਧਾਰੇ ॥*

ਅੰਤਕ ਧਾਮ ਦਾ ਅਰਥ ਮਹਾਨ ਕੋਸ਼ ਵਿਚ 'ਯਮਪੁਰੀ' ਲਿਖਿਆ ਹੋਇਆ ਹੈ।

ਗੁਰੂ ਸਾਹਿਬ ਸਾਨੂੰ ਬਾਣੀ ਵਿਚ ਸਮਝਾਉਂਦਿਆਂ ਲਿਖਦੇ ਹਨ ਕਿ ਜੇ ਵਰਤ ਰਖਣਾ ਹੀ ਹੈ ਤਾਂ ਅਖੀਆਂ ਦਾ ਵਰਤ ਰਖੋ ਤਾਂ ਜੋ ਪਰਾਏ ਰੂਪ ਪਰਾਏ ਮਰਦ ਨੂੰ ਭੈੜੀ ਨੀਯਤ ਨਾਲ ਨਾਂਹ ਵੇਖਣ।

ਵਰਤ ਰੱਖਣਾ ਹੈ ਤਾਂ ਜਿਹਵਾ ਦਾ ਰਖੋ ਤਾਂ ਕਿ ਉਹ ਝੂਠ ਨਾਂਹ ਬੋਲੇ। ਵਰਤ ਰੱਖਣਾ ਹੈ ਤਾਂ ਪੈਰਾਂ ਦਾ ਰਖੋ ਤਾਂ ਜੁ ਉਹ ਬੁਰੇ ਕੰਮ ਵਲ ਨ ਤੁਰਨ। ਵਰਤ ਰਖਣਾ ਹੈ ਤਾਂ ਕੰਨਾਂ ਦਾ ਰਖੋ ਤਾਂ ਜੁ ਪਰਾਈ ਨਿੰਦਾ ਨ ਸੁਣਨ--ਆਦਿ।

ਸਾਡੇ ਇਤਿਹਾਸ ਵਿਚ ਵੀ ਵਰਤ ਨਾਂਹ ਰਖਣ ਦੀ ਇਕ ਸਾਖੀ ਭਾਈ ਕਲਿਯਾਨਾ ਜੀ ਨਾਲ ਸਬੰਧਤ ਇਸ ਤਰ੍ਹਾਂ ਹੈ :-

ਪੰਜਵੇਂ ਪਾਤਸ਼ਾਹ ਜਦ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਉਸਾਰੀ ਕਰਵਾ ਰਹੇ ਸਨ ਤਾਂ ਉਸ ਸਮੇਂ ਭਾਈ ਕਲਿਯਾਨਾ ਜੀ ਪ੍ਰਚਾਰ ਦੌਰੇ ਦੇ ਨਾਲ ਨਾਲ ਇਮਾਰਤੀ ਲਕੜ ਦਾ ਪ੍ਰਬੰਧ ਕਰਨ ਲਈ ਮੰਡੀ (ਰਿਆਸਤ) ਵਿਚ ਗਏ। ਉਨ੍ਹਾਂ ਦੇ ਉਥੇ ਹੁੰਦਿਆਂ ਜਨਮ ਅਸ਼ਟਮੀ ਦਾ ਤਿਉਹਾਰ ਆ ਗਿਆ ਤੇ ਰਾਜੇ ਦੇ ਹੁਕਮ ਅਨੁਸਾਰ ਸਭ ਸ਼ਹਿਰ ਵਾਸੀਆਂ ਨੇ ਉਸ ਦਿਨ ਵਰਤ ਰਖਿਆ ਅਤੇ ਠਾਕਰ ਦੀ ਪੂਜਾ ਕੀਤੀ। ਪਰ ਭਾਈ ਕਲਿਯਾਨਾ ਜੀ ਨੇ ਕੁਝ ਵੀ ਨਾਂਹ ਕੀਤਾ।

ਜਦ ਰਾਜੇ ਪਾਸ ਉਸ ਦੀ ਸ਼ਿਕਾਇਤ ਹੋਈ ਤਾਂ ਉਸ ਨੂੰ ਕਚਹਿਰੀ ਵਿਚ ਬੁਲਾ ਕੇ ਕਾਰਨ ਪੁਛਿਆ ਗਿਆ। ਭਾਈ ਸਾਹਿਬ ਨੇ ਸੱਚ ਸੱਚ ਦਸ ਦਿਤਾ ਕਿ ਉਸ ਨੇ ਵਰਤ ਨਹੀਂ ਰਖਿਆ ਉਹ ਨਿਰਜਿੰਦ ਪਥਰ ਨੂੰ ਠਾਕਰ ਨਹੀਂ ਮੰਨਦਾ, ਨਾ ਹੀਂ ਉਸਦੀ ਪੂਜਾ

ਕਰਦਾ ਹੈ, ਸਗੋਂ ਉਹ ਉਸ ਠਾਕਰ ਦਾ ਪੁਜਾਰੀ ਹੈ ਜੋ ਪਰੀ ਪੂਰਨ ਹੈ ਅਤੇ ਸਾਰੀ ਚੇਤੰਨਤਾ ਦਾ ਮੂਲ ਹੈ ਤੇ ਸਭ ਨੂੰ ਪ੍ਰਕਾਸ਼ਦਾ ਹੈ।

ਰਾਜੇ ਨੇ ਜਦ ਆਪਣੇ ਇਸ਼ਟ, ਠਾਕਰ ਨੂੰ ਪਥਰ ਕਹਿੰਦਿਆਂ ਸੁਣਿਆਂ ਤਾਂ ਉਹ ਗੁਸੇ ਵਿਚ ਆ ਕੇ ਉਸ ਨੂੰ ਨਾਸਤਕ-ਮਲੇਛ ਆਦਿ ਕਹਿ ਕੇ ਉਸ ਨੂੰ ਕੈਦ ਕਰਨ ਦਾ ਹੁਕਮ ਦੇ ਦਿਤਾ।

ਅਗਲੇ ਦਿਨ ਜਦ ਭਾਈ ਸਾਹਿਬ ਨੂੰ ਫਿਰ ਕਚਹਿਰੀ ਵਿਚ ਪੇਸ਼ ਕੀਤਾ ਗਿਆ ਤਾਂ ਹੁਕਮ ਹੋਇਆ ਕਿ ਮੰਗ ਮਾਫੀ ਅਤੇ ਠਾਕਰ ਨੂੰ ਟੇਕ ਮਥਾ, ਨਹੀਂ ਤਾਂ ਦਸ ਤੇਰਾ ਵਿਆਪਕ ਠਾਕੁਰ ਅਤੇ ਉਪਦੇਸ਼ਕ ਗੁਰੂ ਕਿਥੇ ਹੈ ?

ਕਲਿਯਾਨਾ ਜੀ ਨੇ ਕਿਹਾ ਮੇਰਾ ਗੁਰੂ, ਗੁਰੂ ਨਾਨਕ ਪਾਤਸ਼ਾਹ ਹੈ ਜਿਨ੍ਹਾਂ ਦੀ ਗਦੀ ਉਤੇ ਅਜ ਕਲ ਗੁਰੂ ਅਰਜਨ ਪਾਤਸ਼ਾਹ ਬ੍ਰਿਾਜਮਾਨ ਹਨ। ਮੇਰਾ ਠਾਕੁਰ ਅਕਾਲ ਪੁਰਖ, ਸਰਬ ਵਿਆਪਕ ਸਰਬ ਸ਼ਕਤੀਮਾਨ ਹੈ ਜਿਸ ਦਾ ਮੈਂ ਉਪਾਸ਼ਕ ਹਾਂ। ਪਥਰ ਅਗੇ ਮੈਂ ਨਹੀਂ ਨਿਉਣਾ।

ਹੁਕਮ ਨਾਂਹ ਮੰਨਣ ਦੀ ਅਵਗਿਆ ਤੇ ਠਾਕਰ ਨੂੰ ਪਥਰ ਕਹਿਣ ਦੀ ਅਵਗਿਆ ਰਾਜਾ ਬਰਦਾਸ਼ਤ ਨਾਂਹ ਕਰ ਸਕਿਆ ਅਤੇ ਗੁਸੇ ਵਿਚ ਆ ਕੇ ਕਹਿਣ ਲਗ, ਦੇਖਦਾ ਹਾਂ ਤੇਰਾ ਗੁਰੂ ਤੇ ਅਣਦਿਸਦਾ ਠਾਕਰ– ਸਿਪਾਹੀਆਂ ਵਲ ਇਸ਼ਾਰਾ ਕਰਕੇ-- ਜਾਓ ਇਸਨੂੰ ਸਰਹੱਦ (ਰਾਜ ਦੀ ਸੀਮਾਂ) ਤੇ ਜਾ ਕੇ ਇਸਦੀ ਲੱਤ ਵੱਢ ਕੇ ਅਗਲੇ ਰਾਜ ਵਿਚ ਧੱਕ ਦਿਓ ਸੂ।

ਇਹ ਸਜ਼ਾ ਸੁਣ ਕੇ ਭਾਈ ਸਾਹਿਬ ਨੇ ਅਖਾਂ ਬੰਦ ਕਰ, ਅੰਦਰ ਆਤਮੇ ਗੁਰੂ ਪਾਤਸ਼ਾਹ ਦੇ ਚਰਨਾਂ ਵਲ ਧਿਆਨ ਧਰ, ਸਹਾਈ ਹੋਣ ਲਈ ਅਰਦਾਸ ਵਿਚ ਜੁੜ ਗਏ ਉਧਰ ਗੁਸੇ ਵਿਚ ਆਇਆ ਰਾਜਾ

ਆਪੇ ਤੋਂ ਬਾਹਿਰ ਹੋਇਆ ਹੋਇਆ, ਮੂੰਹ ਲਾਲ ਸੁਰਖ ਤੇ ਬੁੜਬੜਾਉਂਦਾ ਹੋਇਆ ਜਲਾਦ–ਜਲਾਦ ਕਹਿੰਦਾ ਬੇਹੋਸ਼ ਹੋ ਕੇ ਡਿਗ ਪਿਆ।

ਇਹ ਹਾਲਤ ਵੇਖ ਸਭ ਦਰਬਾਰੀਆਂ ਨੂੰ ਹਥਾ ਪੈਰਾਂ ਦੀ ਪੈ ਗਈ। ਕੋਈ ਪਖਾ ਝਲਣ ਲਗਾ ਕੋਈ ਪੈਰ ਮਲਣ ਲਗ ਪਿਆ ਅਤੇ ਕੋਈ ਮੂੰਹ 'ਚ ਪਾਣੀ ਪਾਉਣ ਲਗਾ–– ਮੁਕਦੀ ਗਲ–ਜਦ ਰਾਜਾ ਠੀਕ ਹੁੰਦਾ ਨਾਂਹ ਦਿਸਿਆ ਤਾਂ ਵਿਚੋਂ ਇਕ ਸਿਆਣਾ ਬੋਲ ਪਿਆ ਕਿ ਰਾਜੇ ਨੇ ਇਨਸਾਫ ਨਹੀਂ ਕੀਤਾ। ਜੇ ਇਹ ਪਰਦੇਸੀ ਸਾਡੇ ਮੱਤ ਅਨੁਸਾਰ ਠਾਕਰ (ਪਥਰ) ਨੂੰ ਨਹੀਂ ਮੰਨਦਾ ਤਾਂ ਕੀ ਹੋਇਆ। ਉਹ (ਸਰਬ ਵਿਆਪੀ) ਠਾਕਰ ਨੂੰ ਤਾਂ ਮੰਨਦਾ ਹੈ। ਜਦ ਉਹ ਠਾਕਰ ਨੂੰ ਮੰਨਦਾ ਹੈ ਤੇ ਉਸ ਦਾ ਉਪਾਸ਼ਕ ਵੀ ਹੈ ਤਾਂ ਨਾਸਤਕ ਕਿਵੇਂ ਹੋਇਆ ? ਅਤੇ ਇਸ ਦੰਡ ਦਾ ਭਾਗੀ ਕਿਵੇਂ ਹੋਇਆ ?

ਮੁਕਦੀ ਗਲ (ਬਹੁਤ ਸੰਖੇਪ ਵਿਚ) ਸਭ ਦਰਬਾਰੀਆਂ ਨੇ ਆਪਣੀ ਅਤੇ ਆਪਣੇ ਰਾਜੇ ਦੀ ਭੁਲ ਮੰਨੀ, ਮਾਫੀ ਮੰਗੀ ਅਤੇ ਰਾਜੇ ਦੀ ਸਿਹਤਯਾਬੀ ਲਈ ਭਾਈ ਸਾਹਿਬ ਅਗੇ ਬੇਨਤੀ ਕਰਨ ਲਗੇ।

ਭਾਈ ਸਾਹਿਬ ਨੇ ਕਿਹਾ ਕਿ ਜੀਵ ਦੇ ਆਪਣੇ ਮੰਦੇ ਕਰਮ ਹੀ ਉਸ ਦੇ ਵੈਰੀ ਹੁੰਦੇ ਹਨ –ਅਸੀਂ ਤਾਂ ਨਿਰਵੈਰ ਦੇ ਉਪਾਸ਼ਕ ਹਾਂ। ਤੁਹਾਡੀ ਭੁਲ ਮੰਨਣ ਤੇ ਮੈਂ ਆਪਣੇ ਇਸ਼ਟ ਦੇਵ ਅਗੇ ਪ੍ਰਾਰਥਨਾ ਕਰਦਾ ਹਾਂ ਜਿਸ ਦੀ ਤੁਸੀ ਤੇ ਰਾਜੇ ਨੇ ਬੇਅਦਬੀ ਕੀਤੀ।

ਭਾਈ ਸਾਹਿਬ ਨੇ ਜਲ ਮੰਗਵਾਇਆ ਅਤੇ ਅਖਾਂ ਬੰਦ ਕਰਕੇ ਗੁਰੂ ਅਰਜਨ ਪਾਤਸ਼ਾਹ ਦੇ ਚਰਨਾਂ ਦਾ ਧਿਆਨ ਧਰਦੇ ਹੋਏ, ਅੰਤਰ ਆਤਮੇ ਅਰਦਾਸ ਕੀਤੀ –– ਪਾਤਸ਼ਾਹ ਇਨ੍ਹਾਂ ਦੀ ਭੁਲ ਬਖਸ਼ੇ

ਕਿਉਂਕਿ ਇਹ ਆਪਣੀ ਭੁਲ ਸਮਝ ਗਏ ਹਨ –ਇਹ ਹੁਣ ਸਾਰੇ ਆਪ ਦੀ ਸ਼ਰਨ ਹਨ -- ਮਿਹਰ ਕਰੋ -- ਬਖ਼ਸ਼ ਦਿਓ-- ਕਹਿੰਦਿਆਂ ਰਾਜੇ ਦੇ ਮੂੰਹ ਤੇ ਜਲ ਦੇ ਛੱਟੇ ਮਾਰੇ, ਕੁਝ ਕਤਰੇ ਉਸ ਦੇ ਮੂੰਹ ਵਿਚ ਵੀ ਪਾਏ ਤੇ ਥੁਹੜੇ ਚਿਰ ਮਗਰੋਂ ਉਸ ਨੇ ਅਖਾਂ ਖੋਹਲੀਆਂ ਤੇ ਹੋਸ਼ ਵਿਚ ਆਇਆ। ਪਰ ਕਮਜ਼ੋਰ ਬਹੁਤ ਹੋਣ ਕਾਰਨ ਮੁਸ਼ਕਲ ਨਾਲ ਹੌਲੀ ਜਿਹੀ ਬੋਲ ਕੇ ਕਿਹਾ ਕਿ ਪਰਦੇਸੀ ਨੂੰ ਛੋੜ ਦਿਓ– ਇਸਨੂੰ ਆਦਰ ਦਿਓ।

ਦੋ ਚਾਰ ਦਿਨਾਂ 'ਚ ਪੂਰੀ ਤਰ੍ਹਾਂ ਠੀਕ ਹੋ ਕੇ ਰਾਜਾ ਭਾਈ ਸਾਹਿਬ ਨੂੰ ਬੜੇ ਸਤਿਕਾਰ ਨਾਲ ਮਿਲਿਆ ਅਤੇ ਕਹਿਣ ਲਗਾ, ਭਾਈ ! ਤੇਰਾ ਗੁਰੂ ਸਮਰੱਥ ਹੈ ਅਤੇ ਤੇਰਾ ਠਾਕਰ ਵੀ ਮਹਾਂਬਲੀ ਹੈ –ਸੋ ਸਾਨੂੰ ਵੀ ਉਸਦੇ ਦਰਸ਼ਨ ਕਰਾ ਤਾਂ ਜੁ ਸਾਡਾ ਵੀ ਭਲਾ ਹੋਵੇ।

ਇਹ ਹੈ ਸਾਡੇ ਇਤਿਹਾਸ ਵਿਚ ਵਰਤ ਨ ਰਖਣ ਦੀ ਇਕ ਸਾਖੀ। ਬਾਕੀ ਰਹੀ ਗਲ ਪਤੀ ਦੀ ਪ੍ਰਸੰਨਤਾ ਅਤੇ ਉਸਦੀ ਲੰਮੇਰੀ ਉਮਰ ਦੀ ਗਲ (ਜਿਸ ਲਈ ਕਰਵੇ ਦਾ ਵਰਤ ਰਖਿਆ ਜਾਂਦਾ ਹੈ ) ਉਹ ਇਸ ਤਰ੍ਹਾਂ ਹੈ ਕਿ ਪਤੀ ਦੀ ਆਗਿਆ ਖੁਸ਼ੀ ਖੁਸ਼ੀ, ਸਿਰ ਮਥੇ ਮੰਨਣ ਨਾਲ ਪਤੀ ਦੀ ਪ੍ਰਸੰਨਤਾ ਹਾਸਲ ਹੋ ਸਕਦੀ ਹੈ ਪਰ ਉਮਰ ਵਡੀ ਛੋਟੀ ਹੋਣ ਦਾ ਤਾਂ ਸਵਾਲ ਹੀ ਨਹੀਂ ਪੈਦਾ ਹੁੰਦਾ। ਕਿਉਂਕਿ ਹਰ ਇਕ ਨੂੰ ਜਿਤਨੇ ਸਵਾਸ ਅਕਾਲ ਪੁਰਖ ਵਲੋਂ ਮਿਲੇ ਹਨ ਉਹ ਨਾਂਹ ਕੋਈ ਵਧਾ ਸਕਦਾ ਹੈ ਨਾਂਹ ਘਟਾ ਸਕਦਾ ਹੈ। ਇਸ ਬਾਰੇ ਸੋਚਣਾ ਇਕ ਵਹਿਮ ਹੀ ਹੈ।

ਕਰਵੇ ਚੌਥ ਵਰਤ ਨਾਲ ਜੁੜੀ ਕਹਾਣੀ ਜੋ ਉਸ ਦਿਨ ਬ੍ਰਾਹਮਣੀ ਵੱਨ-ਸਵੰਨੇ ਗਹਿਣੇ ਕਪੜੇ ਪਾਏ ਵਰਤ ਰਖਣ

ਵਾਲੀਆਂ ਨੂੰ ਸੁਣਾਉਂਦੀ ਹੈ, ਬੁਹੜੀ ਜਿਹੀ ਸਮਝ ਰਖਣ ਵਾਲੀ ਵੀ ਸਮਝ ਸਕਦੀ ਹੈ ਕਿ ਕਿਸ ਤਰ੍ਹਾਂ ਮਨਘੜਤ ਤੇ ਹਾਸੋਹੀਣੀ ਕਹਾਣੀ ਜੋੜ ਕੇ ਬਣਾਈ ਗਈ ਹੈ।

ਕਿ ਵੀਰੋ ਸਤਾਂ ਭਰਾਵਾਂ ਦੀ ਲਾਡਲੀ ਭੈਣ ਇਕ ਰਾਜੇ ਦੀ ਪਤਨੀ ਹੁੰਦੀ ਹੈ–ਵਰਤ ਵਾਲੇ ਦਿਨ ਉਸ ਦੇ ਭਰਾਵਾਂ ਨੇ ਤਾਂ ਰੋਟੀ ਖਾ ਲਈ ਪਰ ਉਸ ਨੇ ਨਾਂਹ ਖਾਧੀ।

ਉਸ ਨੂੰ ਰੋਟੀ ਖੁਆਉਣ ਲਈ ਭਰਾਵਾਂ ਨੇ ਇਕ ਚਾਲ ਚਲੀ। ਉਨ੍ਹਾਂ ਬੇਲੇ ਵਿਚ ਅੱਗ ਲਾ ਦਿੱਤੀ ਤੇ ਅਗੇ ਕਪੜਾ ਤਾਣ ਕੇ ਭੈਣ ਨੂੰ ਕਹਿਣ ਲਗੇ ਕਿ ਵੇਖ ਚੰਦਰਮਾਂ ਤਾਂ ਚੜ੍ਹ ਪਿਆ ਹੈ– ਉਹ ਚੰਦਰਮਾਂ ਦੀ ਕਿਤਨੀ ਰੋਸ਼ਨੀ (ਚਾਦਰ ਵਾਲੇ ਪਾਸੇ) ਪ੍ਰਤੀਤ ਹੋ ਰਹੀ ਹੈ –ਇਸ ਲਈ ਤੂੰ ਰੋਟੀ ਖਾ ਲੈ।

ਵੀਰੋ ਨੇ ਰੋਟੀ ਖਾ ਲਈ। ਉਸ ਦਾ ਪਤੀ ਜੋ ਉਸ ਸਮੇਂ ਸ਼ਿਕਾਰ ਖੇਡਣ ਗਿਆ ਹੋਇਆ ਸੀ, ਤੜਫਦਾ ਤੜਫਦਾ ਮਹਿਲ ਵਿਚ ਵਾਪਸ ਆਇਆ। ਉਸ ਦੇ ਰੋਮ ਰੋਮ ਵਿਚ ਸੂਈਆਂ ਖੁਭੀਆਂ ਹੋਈਆਂ ਸਨ –ਸਿਰ ਵਿਚ ਵੀ।

ਵੀਰੋ ਉਸ ਦਾ ਸਿਰ ਆਪਣੇ ਪੱਟ ਉਤੇ ਰਖ ਕੇ ਸੂਈਆਂ ਕਢਣ ਲਗੀ ਅਤੇ ਸਾਰਾ ਸਾਲ ਕਢਦੀ ਰਹੀ ਤੇ ਉਹ ਸਾਰਾ ਸਾਲ ਬੇਹੋਸ਼ ਪਿਆ ਰਿਹਾ। ਸਾਲ ਮਗਰੋਂ ਫਿਰ ਕਰਵੇ ਦਾ ਵਰਤ ਆ ਗਿਆ। ਜਦ ਰਾਜੇ ਦੇ ਸਿਰ ਵਿਚ ਇਕ ਸੂਈ ਰਹਿ ਗਈ ਤਾਂ ਬਾਹਿਰੋਂ ਕਰਵੇ ਵੇਚਣ ਵਾਲੇ ਦੀ ਆਵਾਜ਼ ਸੁਣ ਕੇ ਵੀਰੋ ਆਪਣੀ ਗੋਲੀ ਨੂੰ ਸੂਈ ਕਢਣ ਲਈ ਕਹਿ ਕੇ ਆਪ ਕਰਵਾ ਲੈਣ ਬਾਹਿਰ ਚਲੀ ਗਈ (ਕਰਵਾ ਮਿਟੀ ਦੇ ਕੁਜੇ ਦੀ ਸ਼ਕਲ ਦਾ ਹੁੰਦਾ ਹੈ)

ਜਦ ਗੋਲੀ ਨੇ ਰਾਜੇ ਦੇ ਸਿਰ ਦੀ ਆਖਰੀ ਸੂਈ ਕਢੀ ਤਾਂ ਉਹ

ਇੱਕ ਸਾਲ ਮਗਰੋਂ ਰਾਮ ਰਾਮ ਕਰਦਾ ਉਠ ਬੈਠਾ। ਉਸ ਦਿਨ ਤੋਂ ਰਾਜਾ ਗੋਲੀ ਨੂੰ ਰਾਣੀ ਅਤੇ ਰਾਣੀ ਨੂੰ ਗੋਲੀ ਸਮਝਣ ਲਗ ਪਿਆ।

ਇਹ ਅਧੋ-ਕਹਾਣੀ ਸੁਣ ਕੇ ਬ੍ਰਾਹਮਣੀ ਦੇ ਦੁਆਲੇ ਗੋਲ ਚਕਰ ਵਿੱਚ ਬੈਠੀਆਂ ਵਰਤ ਰਖਣ ਵਾਲੀਆਂ ਦੀਆਂ ਥਾਲੀਆਂ ਬ੍ਰਾਹਮਣੀ ਚੱਕਰ ਦਿਵਾਉਂਦੀ ਹੈ ਤੇ ਤੀਵੀਆਂ ਆਪੋ ਆਪਣੀ ਥਾਲੀ ਵਿਚੋਂ ਬ੍ਰਾਹਮਣੀ ਲਈ ਪਦਾਰਥ ਤੇ ਕੁਝ ਪੈਸੇ ਉਥੇ ਰਖਦੀਆਂ ਹਨ। ਤੀਵੀਆਂ ਆਪੋ ਆਪਣੇ ਸਿਰਾਂ ਉੱਤੇ ਚੁੰਨੀਆਂ ਘੁੱਟ ਲੈਂਦੀਆਂ ਹਨ ਤੇ ਬ੍ਰਾਹਮਣੀ ਅਗੇ ਸ਼ੁਰੂ ਕਰਦੀ ਹੈ :-

ਲੈ ਵੀਰੋ ਕੁੜੀਏ ਕਰਵੜਾ। ਲੈ ਸਰਬ ਸੁਹਾਗਣ ਕਰਵੜਾ। ਲੈ ਇਛਿਆ ਵੰਤੀ ਕਰਵੜਾ। ਲੈ ਭਾਈਆਂ ਦੀ ਭੈਣ ਕਰਵੜਾ।

ਕਤੀਂ ਨਾਂਹ, ਅਟੇਰੀਂ ਨਾਂਹ। ਘੁੰਮ ਚਰਖੜਾ ਫੇਰੀਂ ਨਾਂਹ।

(ਪੁਰਾਣੇ ਸਮੇਂ ਤੀਵੀਆਂ ਕਪਾਹ ਕਤ ਕੇ, ਅਟੇਰ ਕੇ ਤੇ ਚਰਖੇ ਰਾਹੀਂ ਸੂਤ ਬਣਾ ਕੇ ਹੀ ਕਪੜਾ ਤਿਆਰ ਕਰਦੀਆਂ ਕਰਾਉਂਦੀਆਂ ਹੁੰਦੀਆਂ ਸਨ। ਪਰ ਇਸ ਗੀਤ ਵਿਚ ਇਹ ਕੁਝ ਨਾਂਹ ਕਰਨ ਲਈ ਕਿਹਾ ਗਿਆ ਹੈ। ਵਿਹਲੇ ਰਹਿਣ ਲਈ ਕਿਹਾ ਗਿਆ ਹੈ।)

*(ਵਿਹਲੇ ਰਹਿਣ ਲਈ ਕਿਹਾ ਗਿਆ ਹੈ)*
*ਵਾਹਣ ਪੈਰੀਂ ਪਾਈਂ ਨਾ। ਸੁਤੇ ਨੂੰ ਜਗਾਈਂ ਨ।*
*ਰੁਸੇ ਨੂੰ ਮਨਾਈਂ ਨਾ। ਪਾਟੜਾ ਸੀਵੀਂ ਨ।*

ਕਰਵੜਾ ਵਟਾਇਆ। ਜਵੰਦਾ ਝੋਲੀ ਪਾਇਆ।
(ਭਾਵ ਬਚਾ ਹੋਣ ਦੀ ਅਸੀਸ ਦਿੱਤੀ)

ਇਸ ਕਹਾਣੀ ਵਿਚੋਂ ਥੋਹੜੀਆਂ ਜਿਹੀਆਂ ਵਿਚਾਰਨ ਯੋਗ ਗਲਾਂ:-

1. ਵਰਤ ਵੀਰੋ ਨੇ ਤੋੜਿਆ ਤੇ ਸੂਈਆਂ ਉਸ ਦੇ ਪਤੀ ਨੂੰ ਰੋਮ ਰੋਮ ਵਿੱਚ ਕਿਸ ਤਰ੍ਹਾਂ ਅਤੇ ਕਿਥੋਂ ਪੁੜ ਗਈਆਂ ?

2. ਰਾਜਾ ਪੂਰਾ ਇਕ ਸਾਲ ਬੇਹੋਸ਼ ਪਿਆ ਰਿਹਾ ਤੇ ਹੋਸ਼ ਆਉਣ ਤੇ ਆਪਣੀ ਪਤਨੀ ਦੀ ਪਛਾਣ ਹੀ ਉਸ ਨੂੰ ਭੁਲ ਗਈ ? ਕੈਸੀ ਅਜੀਬ ਗੱਲ ਹੈ।

3. ਜਿਹੜੀ ਰਾਣੀ ਸਾਰਾ ਸਾਲ ਆਪਣੇ ਪਤੀ ਦੀਆਂ ਸੂਈਆਂ ਕਢਦੀ ਰਹੀ, ਆਖਰੀ ਸੂਈ ਨੂੰ ਵਿਚੇ ਛੱਡ ਗਈ (ਕਰਵੇ ਦੇ ਖਰੀਦਣ ਦੇ ਚਾਅ ਕਾਰਨ) ਕੀ ਉਹ ਇਸ ਤਰ੍ਹਾਂ ਕਰ ਸਕਦੀ ਹੈ ? ਜੇ ਉਸਨੇ ਕਰਵਾ ਖਰੀਦਣਾ ਹੀ ਸੀ ਤਾਂ ਗੋਲੀ ਕੋਲੋਂ ਵੀ ਮੰਗਵਾ ਸਕਦੀ ਸੀ ਜਾਂ ਰਹਿੰਦੀ ਇਕ ਸੂਈ ਕਢ ਕੇ ਵੀ ਜਾ ਸਕਦੀ ਸੀ।

4. ਜੇ ਕਿਸੇ ਨੂੰ ਇਕ ਸੂਈ ਚੁਭ ਜਾਏ ਤਾਂ ਉਹ ਸਰੀਰ ਵਿੱਚ ਤੁਰਦੀ ਤੁਰਦੀ ਕਿਥੇ ਦੀ ਕਿਥੇ ਪੁਜ ਜਾਂਦੀ ਹੈ ਪਰ ਇਹ ਸਾਰੀਆਂ ਸੂਈਆਂ ਸਾਰਾ ਸਾਲ ਉਸ ਦੀਆਂ ਉਥੇ ਹੀ ਰਹੀਆਂ ...?

5. ਲੋਹੇ ਦੀ ਜ਼ਹਿਰ ਬੜੀ ਹੁੰਦੀ ਹੈ - ਥੁਹੜੀ ਜਿਹੀ ਲੋਹੇ ਦੀ ਸੱਟ ਲਗਣ ਨਾਲ ਜੇ ਉਹ ਥੁਹੜਾ ਖੂਨ ਨਿਕਲ ਆਏ ਤਾਂ ਟੈਟਨਸ ਦਾ ਟੀਕਾ ਲਗਵਾਉਣਾ ਪੈਂਦਾ ਹੈ ਪਰ ਜਿਸਦੇ ਰੋਮ ਰੋਮ ਵਿੱਚ ਸੂਈਆਂ ਚੁਭੀਆਂ ਹੋਈਆਂ ਹੋਣ, ਉਨ੍ਹਾਂ ਸੂਈਆਂ (ਲੋਹੇ) ਦਾ ਜ਼ਹਿਰ ਰਾਜੇ ਨੂੰ ਨਹੀਂ ਚੜ੍ਹਿਆ ਤੇ ਉਹ ਸਾਰਾ ਸਾਲ ਬੇਹੋਸ਼ ਪਿਆ ਰਿਹਾ....ਕੈਸੀ ਅਨੋਖੀ ਗਲ ਹੈ ? ......ਖੈਰ ....

ਬ੍ਰਾਹਮਣੀ ਆਖਰ 'ਚ ਸੁਣਾਉਂਦੀ ਹੈ ਕਿ ਰਾਜਾ ਜਦ ਇਕ ਵਾਰ ਬਾਹਿਰ ਕਿਧਰੇ ਗਿਆ ਤੇ ਰਾਣੀ ਦੀ ਮੰਗ ਅਨੁਸਾਰ ਉਸ ਲਈ ਹਾਰ ਸ਼ਿੰਗਾਰ ਦਾ ਸਾਮਾਨ ਲਿਆਇਆ ਤੇ ਗੋਲੀ ਦੀ ਮੰਗ ਅਨੁਸਾਰ ਪੱਟ ਗੁਡਿਆਂ (ਗੁਡੀਆਂ ਪਟੋਲੇ)

ਰਾਜਾ ਰਾਣੀ ਆਪਣੇ ਕਮਰੇ ਵਿੱਚ ਹੁੰਦੇ ਤਾਂ ਗੋਲੀ ਗੁਡੀਆਂ ਨਾਲ ਗਲਾਂ ਕਰਦੀ - ਸੁਣੋ ਨੀਂ ਭੈਣੋ ਗੁਡੜੀਓ ! ਰਾਣੀ ਸੀ ਜੇ ਗੋਲੀ ਹੋਈ, ਗੋਲੀ ਸੀ ਜੋ ਰਾਣੀ ਹੋਈ- ਕਈ ਵਾਰ ਇਸ ਤਰ੍ਹਾਂ ਕਹਿੰਦੀ ।

ਰਾਜੇ ਦੇ ਪੁਛਣ ਤੇ ਜਦ ਰਾਣੀ ਨੇ ਇਸ ਗੱਲ ਦਾ ਉਸ ਨੂੰ ਕੋਈ ਜਵਾਬ ਨਾਂਹ ਦਿੱਤਾ ਤਾਂ ਉਹ ਗੋਲੀ ਕੋਲੋਂ ਪੁਛਣ ਲਗਾ ਕਿ ਤੂੰ ਇਹ ਕੀ ਪੜਦੀ ਏ-ਰਾਣੀ ਸੀ ਜੋ ਗੋਲੀ ਹੋਈ, ਗੋਲੀ ਸੀ ਜੋ ਰਾਣੀ ਹੋਈ ।

ਗੋਲੀ ਨੇ ਸ਼ੁਰੂ ਤੋਂ ਲੈ ਕੇ ਅੰਤ ਤਕ ਸਾਰੀ ਵਿਥਿਆ ਕਹਿ ਸੁਣਾਈ ਜਿਸ ਨੂੰ ਸੁਣ ਕੇ ਰਾਜੇ ਨੇ ਉਸ (ਗੋਲੀ ਨੂੰ ਰਾਣੀ ਬਣਾ ਲਿਆ ਤੇ ਰਾਣੀ ਨੂੰ ਗੋਲੀ ਬਣਾ ਦਿਤਾ । ਸੋ ਇਸ ਤਰ੍ਹਾਂ ਜੋ ਰਾਣੀ ਸੀ ਸੋ ਰਾਣੀ ਹੋਈ । ਗੋਲੀ ਸੀ ਸੋ ਗੋਲੀ ਹੋਈ । ਜਾਓ ਕੁੜੀਓ ! ਆਪੋ ਆਪਣੇ ਘਰਾਂ ਨੂੰ ਵਧੋ ਫੁਲੋ, ਦੁਧੀਂ ਪੁਤਰੀਂ ਫਲੋ ।

ਇਹ ਹੈ ਕਹਾਣੀ ਜੋ ਕਰਵੇ ਚੌਥ ਵਾਲੇ ਦਿਨ ਵਰਤ ਰਖਣ ਵਾਲੀਆਂ ਬੀਬੀਆਂ ਨੂੰ ਬ੍ਰਾਹਮਣੀ ਸੁਣਾਉਂਦੀ ਹੈ ।

ਕਰਵੇ ਦਾ ਵਰਤ ਰਖਣ ਵਾਲੀਆਂ ਬੀਬੀਆਂ ਨੂੰ ਬੇਨਤੀ ਹੈ ਇਸ ਵਿਚਲੀਆਂ ਸਾਰੀਆਂ ਗਲਾਂ ਨੂੰ ਇਕ ਇਕ ਕਰਕੇ ਜੇ ਵੀਚਾਰੋ ਅਤੇ ਦੂਜੇ ਪਾਸੇ ਗੁਰਬਾਣੀ ਤੇ ਗੁਰ ਇਤਿਹਾਸ ਦੀ ਵਾਰਤਾ ਨੂੰ ਵੀਚਾਰੋ ਅਤੇ ਉਸ ਅਨੁਸਾਰ ਠੀਕ ਤੇ ਸੱਚ ਦਾ ਨਿਰਣਾ ਕਰਕੇ ਉਸ ਉਤੇ ਅਮਲ ਕਰੋ ।

* * * *